15ਵੀਂ ਵਿਧਾਨ ਸਭਾ
ਗਿਆਰਵਾਂ ਸਮਾਗਮ

# ਪੰਜਾਬ ਵਿਧਾਨ ਸਭਾ
## ਬੁਲੇਟਿਨ ਨੰ. 6

ਸ਼ੁੱਕਰਵਾਰ, 28 ਫਰਵਰੀ, 2020
(10.00 ਵਜੇ ਸਵੇਰ ਤੋਂ 1.11 ਵਜੇ ਬਾਅਦ ਦੁਪਹਿਰ ਤੱਕ)

1. **ਪ੍ਰਸ਼ਨ**

(ੳ) ਨਿਸ਼ਾਨ ਵਾਲੇ ਪ੍ਰਸ਼ਨ:

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 16 | 04 | - | - | 21 |

(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ: 08

2. **ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿੱਤ ਕਰਨਾ**

ਮਾਨਯੋਗ ਸਪੀਕਰ ਵੱਲੋਂ ਸਦਨ 10.58 ਵਜੇ ਸਵੇਰ ਤੋਂ 11.18 ਵਜੇ ਸਵੇਰ ਤੱਕ 20 ਮਿੰਟ ਲਈ ਸਥਗਿੱਤ ਕੀਤਾ ਗਿਆ।

3. **ਵਿਸ਼ੇਸ਼ ਅਧਿਕਾਰ ਹਨਨ ਦਾ ਪ੍ਰਸਤਾਵ**

ਸ਼੍ਰੀ ਬ੍ਰਹਮ ਮਹਿੰਦਰਾ, ਸੰਸਦੀ ਮਾਮਲੇ ਮੰਤਰੀ ਵੱਲੋਂ ਨਿਮਨਲਿਖਤ ਵਿਸ਼ੇਸ਼ ਅਧਿਕਾਰ ਹਨਨ ਪ੍ਰਸਤਾਵ ਪੇਸ਼ ਕੀਤਾ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ:

"ਕਿ ਅੱਜ ਮਿਤੀ 28 ਫਰਵਰੀ, 2020 ਨੂੰ ਪੰਜਾਬ ਦਾ ਬਜਟ ਸਦਨ ਵਿੱਚ ਵਿੱਤ ਮੰਤਰੀ ਵੱਲੋਂ ਪੇਸ਼ ਕੀਤਾ ਜਾਣਾ ਸੀ ਪਰ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਐਮ.ਐਲ.ਏਜ਼ ਅਤੇ ਉਨ੍ਹਾਂ ਦੇ ਨਾਲ 50-60 ਬੰਦਿਆਂ ਵੱਲੋਂ ਵਿੱਤ ਮੰਤਰੀ ਦੀ ਕੋਠੀ ਦਾ ਘਿਰਾਓ ਕਰ ਲਿਆ ਗਿਆ ਅਤੇ ਉਨ੍ਹਾਂ ਨੂੰ ਪੰਜਾਬ ਵਿਧਾਨ ਸਭਾ ਵਿੱਚ ਬਜਟ ਪੇਸ਼ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਕਰਕੇ ਵਿੱਤ ਮੰਤਰੀ ਬਜਟ ਪੇਸ਼ ਕਰਨ ਦੇ ਨਿਰਧਾਰਿਤ ਸਮੇਂ 11.00 ਵਜੇ ਸਦਨ ਵਿੱਚ ਪਹੁੰਚ ਨਹੀਂ ਸਕੇ ਅਤੇ ਜਿਸ ਕਰਕੇ ਸਦਨ ਨੂੰ 20 ਮਿੰਟ ਲਈ ਸਥਗਿਤ ਕਰਨਾ ਪਿਆ।

According to Practice and Procedure of Parliament by M.N. Kaul and S.L. Shakdher 7th Edition Chapter 11 page 229:

"In interpreting the privileges regard must be had to the general principle that the privileges of Parliament are granted to Members in order that "they may be able to perform their duties in Parliament without let or hindrance".

ਇਸ ਤਰ੍ਹਾਂ ਦਾ ਵਿਵਹਾਰ ਕਰਕੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲੋਂ ਸਦਨ, ਵਿੱਤ ਮੰਤਰੀ, ਪੰਜਾਬ ਅਤੇ ਸਦਨ ਦੇ ਸਮੂਹ ਮੈਂਬਰਜ਼ ਦੇ ਕੰਮ-ਕਾਜ ਵਿੱਚ ਵਿਘਨ ਪਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਗਈ ਹੈ ਜੋ ਕਿ ਸਦਨ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਹੈ। ਸਦਨ ਮੈਂਬਰਾਂ ਦੇ ਇਸ ਵਿਵਹਾਰ ਦੀ ਭਰਪੂਰ ਨਿੰਦਾ ਕਰਦਾ ਹੈ ਅਤੇ ਸਿਫਾਰਸ਼ ਕਰਦਾ ਹੈ ਕਿ ਇਹ ਮਾਮਲਾ ਸਮੂਹ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਦੇ ਵਿਰੁੱਧ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।"

ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ, ਆਮ ਆਦਮੀ ਪਾਰਟੀ ਪ੍ਰਸਤਾਵ ਤੇ 02 ਮਿੰਟ ਲਈ ਬੋਲੇ।

4. **ਮਾਨਯੋਗ ਮੁੱਖ ਮੰਤਰੀ ਦੁਆਰਾ ਬਿਆਨ**

ਕਰਤਾਰਪੁਰ ਸਾਹਿਬ ਤੋਂ ਵਾਪਸ ਆਏ ਸ਼ਰਧਾਲੂਆਂ ਦੀ ਪੁਲਿਸ ਵਲੋਂ ਪੁੱਛ-ਪੜਤਾਲ ਕਰਨ ਸਬੰਧੀ ਉਠਾਏ ਗਏ ਮਾਮਲੇ ਦੇ ਸਬੰਧ ਵਿੱਚ ਮੁੱਖ ਮੰਤਰੀ ਦੁਆਰਾ ਸਦਨ ਵਿੱਚ ਬਿਆਨ ਦਿੱਤਾ ਗਿਆ।

5. **ਸਾਲ 2020-21 ਲਈ ਬਜਟ ਅਨੁਮਾਨ ਪੇਸ਼ ਕਰਨਾ**

ਵਿੱਤ ਮੰਤਰੀ ਨੇ ਸਾਲ 2020-21 ਲਈ ਬਜਟ ਅਨੁਮਾਨ ਪੇਸ਼ ਕੀਤੇ ਅਤੇ ਅਜਿਹਾ ਕਰਦੇ ਹੋਏ ਉਹ 01 ਘੰਟਾ 43 ਮਿੰਟ ਲਈ ਬੋਲੇ।

ਇਸ ਉਪਰੰਤ ਸਦਨ ਸੋਮਵਾਰ ਮਿਤੀ 02 ਮਾਰਚ, 2020 ਦੇ 02.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।

ਚੰਡੀਗੜ੍ਹ:
28 ਫਰਵਰੀ, 2020

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ।